**ਪ੍ਰਧਾਨ ਮੰਤਰੀ ਨੇ ਸਰ ਸ਼ਿਵਸਾਗਰ ਰਾਮਗੁਲਾਮ ਅਤੇ ਸਰ ਅਨਿਰੁੱਧ ਜਗਨਨਾਥ ਦੀ ਸਮਾਧੀ ‘ਤੇ ਪੁਸ਼ਪਾਂਜਲੀ ਅਰਪਿਤ ਕੀਤੀ (11 ਮਾਰਚ, 2025)**

11 ਮਾਰਚ, 2025

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਸਰ ਸ਼ਿਵਸਾਗਰ ਰਾਮਗੁਲਾਮ ਵਨਸਪਤੀ ਗਾਰਡਨ, ਪੈਂਪਲਮਾਉਸੇਸ ਵਿਖੇ ਸਰ ਸ਼ਿਵਸਾਗਰ ਰਾਮਗੁਲਾਮ ਅਤੇ ਸਰ ਅਨਿਰੁੱਧ ਜਗਨਨਾਥ ਦੀ ਸਮਾਧੀ ‘ਤੇ ਪੁਸ਼ਪਾਂਜਲੀ ਅਰਪਿਤ ਕੀਤੀ। ਪ੍ਰਧਾਨ ਮੰਤਰੀ ਦੇ ਨਾਲ ਮਾਰੀਸ਼ਸ ਦੇ ਪ੍ਰਧਾਨ ਮੰਤਰੀ, ਮਹਾਮਹਿਮ ਨਵੀਨਚੰਦ੍ਰ ਰਾਮਗੁਲਾਮ ਵੀ ਪੁਸ਼ਪਾਂਜਲੀ ਸਮਾਰੋਹ ਵਿੱਚ ਮੌਜੂਦ ਸਨ। ਇਸ ਮੌਕੇ ‘ਤੇ ਪ੍ਰਧਾਨ ਮੰਤਰੀ ਮੋਦੀ ਨੇ ਮਾਰੀਸ਼ਸ ਦੀ ਪ੍ਰਗਤੀ ਅਤੇ ਭਾਰਤ-ਮਾਰੀਸ਼ਸ ਸਬੰਧਾਂ ਦੇ ਲਈ ਇੱਕ ਮਜ਼ਬੂਤ ਨੀਂਹ ਬਣਾਉਣ ਵਿੱਚ ਦੋਵੇ ਲੀਡਰਾਂ ਦੀ ਅਮਿੱਟ ਵਿਰਾਸਤ ਨੂੰ ਯਾਦ ਕੀਤਾ।

2. ਪੁਸ਼ਪਾਂਜਲੀ ਸਮਾਰੋਹ ਦੇ ਬਾਅਦ, ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਮਹਾਮਹਿਮ ਨਵੀਨਚੰਦ੍ਰ ਰਾਮਗੁਲਾਮ ਨੇ ਇਤਿਹਾਸਿਕ ਬਾਗ ਵਿੱਚ “ਏਕ ਪੇੜ ਮਾਂ ਕੇ ਨਾਮ” ਪਹਿਲ ਦੇ ਤਹਿਤ ਇੱਕ ਰੁੱਖ ਲਗਾਇਆ।

ਪੋਰਟ ਲੁਇਸ

11 ਮਾਰਚ, 2025